
ਰੱਖੜੀ
ਪ੍ਰੀਤ ਸਿੰਘ ਕੈਂਟੀ
www.punjabilibrary.com

# ਰੱਖੜੀ

ਸੱਸ - ਜਦੋਂ ਵੇਖੋ ਓਥੇ ਵੜੀ ਰਹਿੰਦੀ ਆ, ਦਿਨ-ਤਿਉਹਾਰ ਤੇ ਤਾਂ ਬੰਦਾ ਘਰੇ ਰਹੇ..।

ਸਹੁਰਾ - ਕੀ ਐਵੇਂ ਬੁੜ-ਬੁੜ ਕਰੀ ਜਾਂਦੀ ਆ। ਜਾ ਲੈਣਦੇ ਕੋਈ ਨਾ ਛੇਤੀ ਆ ਜਾਵੇਗੀ। ਜਦੋਂ ਉਸਨੇ ਆਪਣੇ ਪੇਕੇ ਜਾਣਾ ਹੋਵੇ ਤੇਰਾ ਇਹੋ ਖਿਲਾਰਾ ਹੁੰਦਾ ਆ।

ਸੱਸ – ਅੱਛਾ, ਮੇਰਾ ਖਿਲਾਰਾ ਹੁੰਦਾ ਵਾ, ਇਸ ਨੂੰ ਨਹੀਂ ਦਿੱਖਦਾ ਕਿ ਅੱਜ ਰੱਖੜੀ ਆ, ਇਸਦੀਆਂ ਨਨਾਣਾ ਨੇ ਵੀ ਘਰੇ ਆਉਣਾ ਆ। ਤੜਕੇ ਨਿਕਲ ਚੱਲੀ ਆ। ਓ ਮੇਰਾ ਮੁੰਡਾ ਵੀ ਝੁੱਡੂ ਹੀ ਆ ਅੱਜ ਤਾਂ ਰੋਕੇ ਇਸ ਨੂੰ। ਹੁਣ ਦੀ ਗਈ ਪਤਾ ਨਹੀਂ ਕਦੋਂ ਮੁੜਨਾ ਵਾ। ਨਾਲੇ ਇਸ ਨੇ ਜਾਣਾ ਕੀ ਕਰਨ ਆ ਪੇਕੇ। ਰੱਖੜੀ ਬੰਨਣੀ ਕਿਸਦੇ ਆ ਇਸ ਨੇ?

ਸਹੁਰਾ - ਤੂੰ ਐਵੇਂ ਬੋਲੀ ਨਾ ਜਾ, ਤੇਰੇ ਕੋਲੋਂ ਚੁੱਪ ਨਹੀਂ ਹੋਇਆ ਜਾਂਦਾ। ਐਵੇਂ ਬਕਵਾਸ ਕਰੀ ਜਾਂਦੀ ਆ।

ਨੂੰਹ ਆਪਣੇ ਪੇਕੇ ਜਾਣ ਦੀ ਤਿਆਰੀ ਵਿੱਚ ਲੱਗੀ ਰਹੀ ਤੇ ਸੱਸ ਦੀ ਬੁੜ-ਬੁੜ ਬੰਦ ਨਾ ਹੋਈ। ਨੂੰਹ ਨੂੰ ਆਪਣੀ ਸੱਸ ਦੇ ਸੁਭਾ ਦਾ ਪਤਾ ਸੀ ਉਸ ਨੇ ਸੱਸ ਨੂੰ ਕੋਈ ਜੁਆਬ ਮੁੜ ਨਾ ਦਿੱਤਾ ਤੇ ਚੁੱਪ-ਚਾਪ ਆਪਣਾ ਕੰਮ ਕਰੀ ਗਈ। ਉਹ ਆਪਣੇ ਬਟੂਏ ਵਿੱਚ ਰੱਖੜੀਆਂ ਤੇ ਕੁਝ ਹੋਰ ਸਮਾਨ ਵੀ ਰੱਖ ਰਹੀ ਸੀ। ਐਨੇ ਨੂੰ ਉਸਦੇ ਘਰਵਾਲੇ ਸੁਖਜਿੰਦਰ ਸਿੰਘ ਨੇ ਉਸ ਨੂੰ ਕਿਹਾ..

ਸੁਖਜਿੰਦਰ - ਮੈਂ ਚੱਲਾ ਨਾਲ?

ਰਾਜਬੀਰ(ਨੂੰਹ) - ਨਹੀਂ ਕੋਈ ਨਾ ਮੈਂ ਚਲੀ ਜਾਵਾਂਗੀ। ਤੁਸੀਂ ਘਰੇ ਰਹੋ ਪਤਾ ਨਹੀਂ ਦੀਦੀ ਹੁਣੀ ਕਦੋਂ ਆ ਜਾਣ। ਮੈਂ ਜਲਦੀ ਆਉਣ ਦੀ ਕੋਸ਼ਿਸ਼ ਕਰਾਂਗੀ।

ਸੁਖਜਿੰਦਰ - ਪੈਸੇ ਹੈਗੇ ਕੋਲ ਜਾਂ ਦੇਵਾਂ?

ਰਾਜਬੀਰ - ਨਹੀਂ, ਹੈਗੇ ਨੇ ਮੇਰੇ ਕੋਲ। ਅਗਰ ਲੋੜ ਹੁੰਦੀ ਤਾਂ ਮੈਂ ਮੰਗ ਲੈਂਦੀ। ਤੁਸੀਂ ਰਾਹੁਲ ਨੂੰ ਨਾਸ਼ਤਾ ਕਰਵਾ ਦਿਓ। ਓਦਾਂ ਮੈਂ ਜਲਦੀ ਆ ਜਾਵਾਂਗੀ। ਚਲੋ ਠੀਕ ਆ ਮੈਂ ਚਲਦੀ ਆ।

ਐਨਾ ਕਹਿਣ ਤੋਂ ਬਾਅਦ ਹੀ ਰਾਜਬੀਰ ਜਲਦੀ ਨਾਲ ਘਰੋਂ ਨਿਕਲ ਗਈ ਤੇ ਉਸਦੀ ਸੱਸ ਉਸ ਦੇ ਘਰੋਂ ਨਿਕਲਣ ਤੋਂ ਬਾਅਦ ਵੀ ਬੋਲਦੀ ਹੀ ਰਹੀ। ਘਰੋਂ ਨਿਕਲ ਕੇ ਉਹ ਪਹਿਲਾ ਬਾਜ਼ਾਰ ਗਈ ਤੇ ਇੱਕ ਮਿਠਾਆਈ ਦੀ ਦੁਕਾਨ ਤੋਂ ਮੋਤੀ ਚੂਰ ਦੇ ਲੱਡੂਆਂ ਦਾ ਇੱਕ ਡੱਬਾ ਖਰੀਦ ਲਿਆ। ਖਰੀਦਣ ਤੋਂ ਬਾਅਦ ਉਸ ਨੇ ਇੱਕ ਆਟੋ ਰਿਕਸ਼ੇ ਵਾਲੇ ਨੂੰ ਹੱਥ ਦਿੱਤਾ ਤੇ ਕੋਈ ਪਤਾ ਦੱਸ ਕੇ ਓਥੇ ਚੱਲਣ ਨੂੰ ਕਿਹਾ ਤੇ ਜਲਦੀ ਨਾਲ ਆਟੋ ਵਿੱਚ ਬੈਠ ਗਈ। ਆਟੋ ਵਾਲੇ ਨੇ ਆਪਣਾ ਮੀਟਰ ਚਾਲੂ ਕੀਤਾ ਤੇ ਉਹ ਚੱਲ ਪਿਆ। ਆਟੋ ਵਾਲੇ ਨੇ ਖਾਕੀ ਰੰਗ ਦੀ ਵਰਦੀ ਪਾਈ ਹੋਈ ਸੀ।

ਰਾਜਬੀਰ ਦਾ ਪੇਕੇ ਘਰ ਕਾਫੀ ਦੂਰ ਅਨੁਭਵ ਹੁੰਦਾ ਸੀ। ਉਸ ਨੇ ਚੇਹਰੇ ਤੇ ਮੁਸਕਾਨ ਵੀ ਸੀ ਤੇ ਦਿੱਲ ਵਿੱਚ ਦਰਦ ਵੀ। ਉਹ ਚੁੱਪ-ਚਾਪ ਆਟੋ ਵਿੱਚ ਬੈਠੀ ਹੋਈ ਸੀ ਤੇ ਦਿਮਾਗ ਵਿੱਚ ਵੰਨ-ਸਵੰਨੇ ਖਿਆਲ ਲਿਆ ਰਹੀ ਸੀ। ਅਚਾਨਕ ਹੀ ਉਸ ਦੇ ਦਿੱਲ ਦਾ ਦਰਦ ਅੱਖਾਂ ਰਾਹੀਂ ਬਾਹਰ ਵਹਿਣਾ ਸ਼ੁਰੂ ਹੋ ਗਿਆ। ਰੋਣ ਦੀ ਆਵਾਜ਼ ਨਹੀਂ ਸੀ ਆ ਰਹੀ ਪਰ ਅੱਥਰੂ ਦਰਦ ਨੂੰ ਬਿਆਨ ਕਰ ਰਹੇ ਸਨ। ਆਟੋ ਵਾਲੇ ਨੇ ਰਾਜਬੀਰ ਨੂੰ ਰੋਂਦੇ ਹੋਏ ਦੇਖ ਲਿਆ। ਪਰ ਉਸ ਨੇ ਰਾਜਬੀਰ ਨੂੰ ਕੁਝ ਨਾ ਕਿਹਾ। ਰਾਜਬੀਰ ਚੋਰੀ-ਚੋਰੀ ਆਪਣੇ ਰੁਮਾਲ ਨਾਲ ਅੱਥਰੂ ਸਾਫ ਵੀ ਕਰ ਰਹੀ ਸੀ ਪਰ ਅੱਥਰੂ ਰੁਕਣ ਦਾ ਨਾਮ ਨਹੀਂ ਸਨ ਲੈ ਰਹੇ। ਆਟੋ ਵਾਲਾ ਇੱਕ ਸੁਝਵਾਨ ਇਨਸਾਨ ਮਾਲੂਮ ਹੁੰਦਾ ਸੀ। ਉਸ ਦੀ ਉਮਰ ਕਰੀਬ ਤੀਹ ਕੁ ਸਾਲ ਹੋਵੇਗੀ। ਜਦੋਂ ਰਾਜਬੀਰ ਦੇ ਅੱਥਰੂ ਬਿਲਕੁਲ ਨਹੀਂ ਸਨ ਰੁੱਕ ਰਹੇ ਤਾਂ ਆਟੋ ਵਾਲੇ ਨੇ ਪੁੱਛ ਹੀ ਲਿਆ..

ਆਟੋ ਵਾਲਾ - ਕੀ ਗੱਲ ਹੈ ਭੈਣ ਜੀ, ਕੋਈ ਮੁਸ਼ਕਿਲ ਹੈ?

ਰਾਜਬੀਰ ਚੁੱਪ ਰਹੀ ਤੇ ਸਿਸਕੀ ਲੈਂਦੀ ਹੋਈ ਆਪਣੇ ਅੱਥਰੂ ਸਾਫ ਕਰਦੀ ਰਹੀ। ਫਿਰ ਆਟੋ ਵਾਲੇ ਨੇ ਪੁੱਛਿਆ..

ਆਟੋ ਵਾਲਾ - ਭੈਣ ਜੀ ਅੱਜ ਤਾਂ ਰੱਖੜੀ ਹੈ ਤੇ ਹਰ ਕੋਈ ਖੁਸ਼ ਹੈ ਤੁਸੀਂ ਕਿਉਂ ਰੋ ਰਹੇ ਜੇ? ਅਗਰ ਕੋਈ ਮੁਸ਼ਕਿਲ ਹੈ ਤਾਂ ਦੱਸੋ ਹੋ ਸਕਦਾ ਕੋਈ ਹੱਲ ਮਿੱਲ ਜਾਵੇ।

ਰਾਜਬੀਰ - ਨਹੀਂ ਵੀਰ ਜੀ ਕੋਈ ਮੁਸ਼ਕਿਲ ਨਹੀਂ ਹੈ।

ਆਟੋ ਵਾਲਾ - ਪਰ ਅੱਥਰੂ ਤਾਂ ਬੇ-ਵਜ੍ਹਾ ਨਹੀਂ ਆ ਰਹੇ?

ਰਾਜਬੀਰ - ਕੁਛ ਨਹੀਂ ਵੀਰ ਜੀ ਬੱਸ ਅੱਜ ਰੱਖੜੀ ਹੈ ਤਾਂ ਆਪਣੇ ਵੀਰ ਦੀ ਬਹੁਤ ਯਾਦ ਆ ਰਹੀ ਹੈ।

ਆਟੋ ਵਾਲਾ - ਦੇਖੋ ਜੀ ਯਾਦ ਤਾਂ ਹਮੇਸ਼ਾ ਹੀ ਬਣੀ ਰਹਿੰਦੀ ਹੈ ਪਰ ਇਹੋ ਜਿਹੇ ਮੌਕਿਆਂ ਤੇ ਓਹੀ ਯਾਦਾਂ ਜ਼ਖ਼ਮ ਦੇਂਦੀਆਂ ਨੇ। ਇਹ ਜ਼ਖਮ ਮਾੜੇ ਨਹੀਂ ਆ, ਪਰ ਦਰਦ ਹੱਦ ਤੋਂ ਪਰੇ ਦੇਂਦੇ ਨੇ।

ਰਾਜਬੀਰ ਨੂੰ ਆਟੋ ਵਾਲੇ ਦਾ ਜੁਆਬ ਸੁਣ ਕੇ ਹੋਂਸਲਾ ਜਿਹਾ ਮਿਲਿਆ ਤੇ ਉਸ ਨੂੰ ਅੱਜ ਆਪਣੇ ਦੁੱਖ ਨੂੰ ਵੰਡਾਉਣ ਦਾ ਰਾਹ ਨਜ਼ਰ ਆਇਆ। ਤੇ ਉਸ ਨੇ ਆਟੋ ਵਾਲੇ ਨਾਲ ਗੱਲ ਬਾਤ ਜਾਰੀ ਰੱਖੀ..

ਰਾਜਬੀਰ - ਸਹੀ ਕਿਹਾ ਵੀਰ ਜੀ।

ਆਟੋ ਵਾਲਾ - ਮੇਰੀ ਕੋਈ ਵੀ ਭੈਣ ਨਹੀਂ ਹੈ, ਤੇ ਹਰ ਵਾਰ ਰੱਖੜੀ ਵਾਲੇ ਦਿਨ ਇਸ ਦੀ ਘਾਟ ਮਹਿਸੂਸ ਹੁੰਦੀ ਹੈ ਤੇ ਮੇਰਾ ਗੁੱਟ ਹਰ ਰੱਖੜੀ ਤੇ ਸੁੰਨਾ ਹੀ ਰਹਿ ਜਾਂਦਾ ਹੈ। ਕੀ ਤੁਹਾਡਾ ਵੀ ਕੋਈ ਵੀਰ ਨਹੀਂ ਹੈ?

ਰਾਜਬੀਰ - ਵੀਰ ਹੈਗਾ ਸੀ ਪਰ ਹੁਣ ਨਹੀਂ ਆ।

ਆਟੋ ਵਾਲਾ - ਕਿਉਂ ਕੀ ਗੱਲ ਹੋਈ ਭੈਣ ਜੀ?

ਆਟੋ ਵਾਲੇ ਦੇ ਇਸ ਸਵਾਲ ਤੋਂ ਬਾਅਦ ਰਾਜਬੀਰ ਚੁੱਪ ਹੋ ਗਈ ਤੇ ਕਾਫੀ ਦੇਰ ਤੱਕ ਕੁਝ ਨਾ ਬੋਲੀ ਤੇ ਨਾ ਹੀ ਫਿਰ ਆਟੋ ਵਾਲੇ ਨੇ ਮੁੜ ਸਵਾਲ ਕੀਤਾ। ਪਰ ਕੁਝ ਦੇਰ ਪਿੱਛੋਂ ਫਿਰ ਰਾਜਬੀਰ ਨੇ ਦੱਸਣਾ ਸ਼ੁਰੂ ਕੀਤਾ।

ਰਾਜਬੀਰ - ਕੀ ਦੱਸਾਂ ਵੀਰੇ? ਸਿਆਣੇ ਆਖਦੇ ਨੇ ਝੱਗਾ ਚੁੱਕਿਆ ਢਿੱਡ ਆਪਣਾ ਹੀ ਨੰਗਾ ਹੁੰਦਾ ਹੈ। ਪਰ ਹੁਣ ਇਸ ਨਾਲ ਕੋਈ ਫਰਕ ਵੀ ਨਹੀਂ ਪੈਂਦਾ। ਜਦੋਂ ਇੱਜ਼ਤਾਂ ਵਾਲੇ ਹੀ ਨਹੀਂ ਰਹੇ ਤਾਂ ਫਿਰ ਕਾਹਦੀ ਇੱਜ਼ਤ।

ਆਟੋ ਵਾਲਾ - ਭੈਣ ਜੀ ਬੀਤੀਆਂ ਗੱਲਾਂ ਦਾ ਦੁੱਖ ਤਾਂ ਆਉਂਦਾ ਹੈ ਪਰ ਅਸੀਂ ਉਹਨਾਂ ਤੋਂ ਭੱਜ ਵੀ ਨਹੀਂ ਸਕਦੇ। ਹਰ ਮੋੜ ਤੇ ਸਾਡੇ ਸਾਹਮਣੇ ਆ ਖੜੇ ਹੋਣਗੀਆਂ। ਵੈਸੇ ਗੱਲ ਕੀ ਹੋਈ ਸੀ ਵੀਰ ਜੀ ਨੂੰ?

ਰਾਜਬੀਰ - ਚੰਗਾ ਭਲਾ ਕੰਮ ਕਰਦਾ ਸੀ, ਪੜ੍ਹਿਆ ਲਿਖਿਆ ਵੀ ਸੀ, ਪਤਾ ਨਹੀਂ ਕਿਸਦੀ ਬਹਿਣੀ ਬੈਠ ਗਿਆ ਨਸ਼ੇ ਤੇ ਲੱਗ ਗਿਆ ਤੇ ਦਿਨਾਂ ਵਿੱਚ ਹੀ ਜ਼ਿੰਦਗੀ ਨੂੰ ਗਾਲ ਲਿਆ।

ਆਟੋ ਵਾਲਾ - ਕੀ ਨਸ਼ਾ ਕਰਦਾ ਸੀ?

ਰਾਜਬੀਰ - ਨਸ਼ਾ ਤਾਂ ਵੀਰੇ ਨੇ ਕੋਈ ਛੱਡਿਆ ਹੀ ਨਹੀਂ ਹੋਣਾ। ਹਰ ਨਸ਼ਾ ਕਰੀ ਜਾਂਦਾ ਸੀ। ਪਰ ਚਿੱਟੇ ਦਾ ਨਸ਼ਾ ਜਿਆਦਾ ਕਰਦਾ ਸੀ। ਜੋ ਪੈਸੇ ਹੋਣੇ ਬੱਸ ਚਿੱਟਾ ਹੀ ਖਰੀਦੀ ਜਾਣਾ। ਜਿੰਨੀ ਵੀ ਜਮ੍ਹਾ ਪੂੰਜੀ ਸੀ ਸਾਰੀ ਚਿੱਟੇ ਵਿੱਚ ਉਡਾ ਦਿੱਤੀ। ਲੋੜ ਤੋਂ ਵੱਧ ਨਸ਼ਾ ਕਰਨ ਲੱਗ ਪਿਆ। ਫਿਰ ਇੱਕ ਦਿਨ ਘਰੇ ਕੋਈ ਆਇਆ ਤੇ ਦੱਸਿਆ ਕਿ ਤੁਹਾਡਾ ਰਣਬੀਰ ਕਿਸੇ ਦੀ ਮੋਟਰ ਤੇ ਡਿੱਗਾ ਪਿਆ ਹੈ। ਜਦੋਂ ਜਾ ਕੇ ਦੇਖਿਆ ਤਾਂ ਟੀਕਾ ਲੱਗਾ ਹੋਇਆ ਸੀ। ਤੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ। ਉਸ ਤੋਂ ਬਾਅਦ ਤਾਂ ਜਿਵੇਂ ਦੁਨੀਆਂ ਹੀ ਉੱਜੜ ਗਈ ਹੋਵੇ।

ਆਟੋ ਵਾਲਾ - ਨਸ਼ੇ ਵਾਲੇ ਦਾ ਇਹੀ ਹਾਲ ਹੁੰਦਾ ਹੈ ਭੈਣ ਜੀ। ਖਾਸ ਕਰ ਕੇ ਚਿੱਟੇ ਵਾਲੇ ਦਾ। ਆਪ ਤਾਂ ਤੁਰ ਜਾਂਦੇ ਨੇ ਮਗਰੋਂ ਭੁਗਤਣਾ ਤਾਂ ਪਰਿਵਾਰ ਨੂੰ ਪੈਂਦਾ ਹੈ। ਵਿਆਹਿਆ ਸੀ ਜਾ ਕੁਵਾਰਾ ਸੀ?

ਰਾਜਬੀਰ - ਵਿਆਹਿਆ ਸੀ ਵੀਰੇ। ਤੇ ਦੋ ਬੇਟੀਆਂ ਵੀ ਨੇ ਉਸ ਦੀਆਂ। ਤੇ ਸਭ ਤੋਂ ਵੱਡਾ ਦੁੱਖ ਤਾਂ ਹੈ ਹੀ ਇਸੇ ਗੱਲ ਦਾ ਕਿ ਉਹਨਾਂ ਬੱਚੀਆਂ ਦੀ ਜ਼ਿੰਦਗੀ ਵੀ ਉਜਾੜ ਹੋ ਗਈ।

ਆਟੋ ਵਾਲਾ - ਪਿਉ ਬਿਨਾ ਵੀ ਕੌਣ ਹਾਲ ਪੁੱਛਦਾ ਹੈ। ਜਿਥੇ ਪਿਉ ਦਾ ਦਰਜ਼ਾ ਹੁੰਦਾ ਹੈ ਓਥੇ ਕੋਈ ਵੀ ਜਗ੍ਹਾ ਨਹੀਂ ਲੈ ਸਕਦਾ। ਕਿੰਨੀ ਕੁ ਉਮਰ ਦੀਆਂ ਨੇ ਬੇਟੀਆਂ?

ਰਾਜਬੀਰ - ਵੱਡੀ ਅੱਠ ਕੁ ਸਾਲ ਦੀ ਆ ਤੇ ਛੋਟੀ ਸਾਢੇ ਕੁ ਪੰਜ ਸਾਲ ਦੀ।

ਆਟੋ ਵਾਲਾ - ਫਿਰ ਤਾਂ ਬਾਲਾ ਧੱਕਾ ਹੋਇਆ ਵਿਚਾਰੀਆਂ ਨਾਲ।

ਰਾਜਬੀਰ - ਹਾਂ ਜੀ ਵੀਰੇ। ਰੱਬ ਵੀ ਪਤਾ ਨਹੀਂ ਕੀ-ਕੀ ਸੋਚ ਕੇ ਜ਼ੁਲਮ ਕਰੀ ਜਾਂਦਾ।

ਆਟੋ ਵਾਲਾ - ਰੱਬ ਤਾਂ ਆਪਣਾ ਕੰਮ ਕਰੀ ਜਾ ਰਿਹਾ ਵਾ। ਇਸ ਵਿੱਚ ਰੱਬ ਦਾ ਕੀ ਦੋਸ਼ ਹੈ, ਗ਼ਲਤੀਆਂ ਸਾਡੀਆਂ ਆਪਣੀਆਂ ਹੁੰਦੀਆਂ ਨੇ ਤੇ ਦੋਸ਼ੀ ਅਸੀਂ ਰੱਬ ਨੂੰ ਕਹੀ ਜਾਂਦੇ ਆ।

ਰਾਜਬੀਰ - ਉਹ ਤਾਂ ਹੈ ਵੀਰੇ ਪਰ ਉਹਨਾਂ ਮਾਸੂਮ ਬੱਚੀਆਂ ਦਾ ਕੀ ਦੋਸ਼, ਮੇਰੀ ਭਰਜਾਈ ਦਾ ਕੀ ਦੋਸ਼, ਮੇਰੇ ਮਾਂ ਪਿਉ ਦਾ ਕੀ ਦੋਸ਼, ਮੇਰਾ ਕੀ ਦੋਸ਼ ਆ?

ਆਟੋ ਵਾਲਾ - ਦੇਖੋ ਭੈਣ ਜੀ ਇਹ ਤਾਂ ਕਰਮਾ ਦਾ ਹਿਸਾਬ ਹੁੰਦਾ ਹੈ, ਇੱਕ ਦੀ ਗਲਤੀ ਭੁਗਤਣੀ ਹੋਰਾਂ ਨੂੰ ਪੈਂਦੀ ਹੈ। ਬਾਕੀ ਜੋ ਰੱਬ ਨੂੰ ਮਨਜ਼ੂਰ ਹੈ ਓਹੀ ਹੁੰਦਾ ਹੈ।

ਰਾਜਬੀਰ - ਹਾਂ ਜੀ ਵੀਰੇ ਸਹੀ ਕਿਹਾ ਤੁਸੀਂ।

ਐਨੇ ਨੂੰ ਰਾਜਬੀਰ ਦਾ ਪੇਕਾ ਘਰ ਆ ਗਿਆ। ਰਾਜਬੀਰ ਨੇ ਆਟੋ ਵਾਲੇ ਨੂੰ ਇੱਕ ਜਗ੍ਹਾ ਰੋਕਣ ਲਈ ਕਿਹਾ। ਉਸ ਨੇ ਆਟੋ ਰੋਕ ਦਿੱਤਾ। ਰਾਜਬੀਰ ਆਟੋ ਵਿੱਚੋਂ ਉੱਤਰੀ ਤੇ ਉਸ ਨੇ ਆਪਣਾ ਬਟੂਆ ਖੋਲ ਕੇ ਵਿੱਚੋਂ ਪੈਸੇ ਦੇਣ ਲੱਗੀ ਉਸ ਨੂੰ ਪੁੱਛਿਆ..

ਰਾਜਬੀਰ - ਕਿੰਨਾ ਕਿਰਾਇਆ ਹੋਇਆ ਵੀਰੇ?

ਆਟੋ ਵਾਲੇ ਦੇ ਦਿਮਾਗ ਵਿੱਚ ਪਤਾ ਨਹੀਂ ਕੀ ਆਇਆ ਉਸ ਨੇ ਕਿਹਾ..

ਆਟੋ ਵਾਲਾ - ਨਹੀਂ ਭੈਣ ਜੀ ਕਿਰਾਏ ਦੀ ਲੋੜ ਨਹੀਂ। ਅੱਜ ਰੱਖੜੀ ਹੈ ਮੈਂ ਇਸ ਲਈ ਤੁਹਾਡੇ ਤੋਂ ਕਿਰਾਇਆ ਨਹੀਂ ਲਵਾਂਗਾ।

ਰਾਜਬੀਰ - ਨਹੀਂ ਵੀਰੇ ਤੁਸੀਂ ਆਪਣੀ ਮਿਹਨਤ ਤਾਂ ਲਵੋ।

ਆਟੋ ਵਾਲਾ - ਨਹੀਂ ਭੈਣ ਜੀ ਤੁਸੀਂ ਮੈਨੂੰ ਅੱਜ ਦੇ ਦਿਨ ਲਈ ਆਪਣਾ ਵੀਰ ਹੀ ਸਮਝੋ, ਮੈਨੂੰ ਕਿਰਾਏ ਦੀ ਲੋੜ ਨਹੀਂ। ਕੋਈ ਗੱਲ ਨੀ ਫਿਰ ਕਿਤੇ ਲੈ ਲਵਾਂਗੇ।

ਰਾਜਬੀਰ - ਪਰ ਵੀਰੇ।

ਆਟੋ ਵਾਲਾ - ਕੋਈ ਪਰ-ਪੁਰ ਨਹੀਂ। ਤੁਸੀਂ ਜਿੰਨਾ ਮਰਜ਼ੀ ਕਹਿ ਲਵੋ ਮੈਂ ਨਹੀਂ ਲੈਣਾ ਕਿਰਾਇਆ। ਚੰਗਾ ਜੀ ਹੁਣ ਮੈਂ ਚਲਦਾ ਹਾਂ ਰੱਬ ਨੇ ਚਾਹਿਆ ਤਾਂ ਫਿਰ ਮਿਲਾਂਗੇ।

ਐਨਾ ਕਹਿ ਕੇ ਆਟੋ ਵਾਲਾ ਓਥੋਂ ਚੱਲਣ ਲੱਗਾ ਤੇ ਅਚਾਨਕ ਹੀ ਰਾਜਬੀਰ ਨੇ ਆਟੋ ਵਾਲੇ ਨੂੰ ਆਵਾਜ਼ ਲਗਾਈ।

ਰਾਜਬੀਰ - ਵੀਰੇ ...।

ਰਾਜਬੀਰ ਭੱਜ ਕੇ ਆਟੋ ਦੇ ਕੋਲ ਗਈ। ਤੇ ਆਟੋ ਵਾਲੇ ਨੂੰ ਕਿਹਾ।

ਰਾਜਬੀਰ - ਵੀਰੇ ਕੀ ਮੈਂ ਤੁਹਾਨੂੰ ਰੱਖੜੀ ਬੰਨ ਦਵਾ?

ਰਾਜਬੀਰ ਦੀ ਇਹ ਗੱਲ ਸੁਣ ਕੇ ਆਟੋ ਵਾਲੇ ਦੀਆਂ ਅੱਖਾਂ ਭਰ ਆਈਆਂ। ਕਿਉਂਕਿ ਅਜੇ ਤੱਕ ਉਸਦਾ ਗੁੱਟ ਰੱਖੜੀ ਲਈ ਤਰਲੇ ਖਾ ਰਿਹਾ ਸੀ ਪਰ ਅੱਜ ਉਹ ਸੁੰਨਾ ਨਹੀਂ ਸੀ ਰਹਿਣਾ। ਆਟੋ ਵਾਲੇ ਨੇ ਉਥੇ ਬੈਠੇ ਹੀ ਕਿਹਾ..

ਆਟੋ ਵਾਲਾ - ਹਾਂ ਜੀ ਭੈਣ ਜੀ।

ਇਸ ਤੋਂ ਬਿਨਾਂ ਉਸ ਦੇ ਮੂੰਹ ਵਿੱਚੋਂ ਕੋਈ ਲਫ਼ਜ਼ ਨਾ ਨਿਕਲਿਆ। ਰਾਜਬੀਰ ਨੇ ਜਲਦੀ ਨਾਲ ਬਟੂਏ ਵਿੱਚੋਂ ਰੱਖੜੀ ਕੱਢੀ ਤੇ ਆਟੋ ਵਾਲੇ ਨੇ ਵੀ ਆਪਣਾ ਸੱਜਾ ਹੱਥ ਅੱਗੇ ਵਧਾਇਆ। ਰਾਜਬੀਰ ਨੇ ਰੱਖੜੀ ਬੰਨੀ ਤੇ ਲੱਡੂਆਂ ਦੇ ਡੱਬੇ ਵਿੱਚੋਂ ਇੱਕ ਲੱਡੂ ਕੱਢ ਕੇ ਆਟੋ ਵਾਲੇ ਦੇ ਮੂੰਹ ਵਿੱਚ ਪਾਇਆ। ਆਟੋ ਵਾਲਾ ਤੇ ਰਾਜਬੀਰ ਦੋਵੇਂ ਹੀ ਇੱਕ ਦੂਜੇ ਦੇ ਅਭਾਰੀ ਸਨ। ਉਸ ਤੋਂ ਪਿੱਛੋਂ ਆਟੋ ਵਾਲਾ ਆਪਣੀਆਂ ਅੱਖਾਂ ਵਿੱਚ ਖੁਸ਼ੀ ਦੇ ਅੱਥਰੂ ਲੈ ਕੇ ਉਥੋਂ ਚਲਾ ਗਿਆ। ਤੇ ਰਾਜਬੀਰ ਆਪਣੇ ਪੇਕੇ ਘਰ ਚਲੀ ਗਈ।

ਪੇਕੇ ਘਰ ਜਾ ਕੇ ਉਹ ਆਪਣੇ ਮਾਂ-ਪਿਉ ਨੂੰ, ਭਰਜਾਈ ਨੂੰ ਤੇ ਭਤੀਜੀਆਂ ਨੂੰ ਮਿਲੀ। ਉਹ ਸਾਰੇ ਰਾਜਬੀਰ ਨੂੰ ਦੇਖ ਕੇ ਖੁਸ਼ ਵੀ ਹੋਏ ਤੇ ਰਣਬੀਰ ਨੂੰ ਯਾਦ ਕਰ ਅੱਥਰੂ ਵੀ ਵਹਾਏ। ਉਸ ਤੋਂ ਕੁਝ ਦੇਰ ਪਿੱਛੋਂ ਹੀ ਰਾਜਬੀਰ ਆਪਣੇ ਸਹੁਰੇ ਘਰ ਚਲੀ ਗਈ।

ਅੱਜ ਰਾਜਬੀਰ ਖੁਸ਼ ਵੀ ਸੀ ਤੇ ਦੁਖੀ ਵੀ। ਦੁੱਖ ਸੀ ਉਸ ਨੂੰ ਆਪਣੇ ਸਕੇ ਭਰਾ ਦੇ ਲਈ ਤੇ ਖੁਸ਼ੀ ਸੀ ਕਿ ਉਸਦੀ ਰੱਖੜੀ ਵਿਅਰਥ ਨਹੀਂ ਗਈ। ਇਸ ਕਹਾਣੀ ਦਾ ਮਕਸਦ ਰੱਖੜੀ ਦੇ ਸ਼ੁਭ ਦਿਨ ਤੇ ਕਿਸੇ ਦੀਆਂ ਭਾਵਨਾਵਾਂ ਨੂੰ ਦਰਦ ਦੇਣਾ ਨਹੀਂ ਹੈ ਬਲਕਿ ਭਰਾਵਾਂ ਨੂੰ ਸਮਝਾਉਣਾ ਹੈ ਕਿ ਤੁਹਾਡੇ ਤੋਂ ਬਿਨਾਂ ਤੁਹਾਡੀਆਂ ਭੈਣਾਂ ਦਾ ਕੋਈ ਵੀ ਨਹੀਂ ਹੈ। ਹਰ ਕਿਸੇ ਦੀ ਕਿਸਮਤ ਰਾਜਬੀਰ ਜਿਹੀ ਨਹੀਂ ਹੁੰਦੀ ਤੇ ਨਾ ਹੀ ਹਰ ਰਾਹ ਜਾਣ ਵਾਲਾ ਤੁਹਾਡੀ ਭੈਣ ਨੂੰ ਭੈਣ ਕਹੇਗਾ। ਉਦਾਂ ਤਾਂ ਪ੍ਰਮਾਤਮਾ ਦੀ ਰਜ਼ਾ ਹੈ ਕਿ ਉਸ ਨੇ ਕਿੰਨੀ ਕੁ ਉਮਰ ਬਖਸ਼ਣੀ ਹੈ ਪਰ ਸਾਡਾ ਵੀ ਫਰਜ਼ ਹੈ ਕਿ ਅਸੀਂ ਉਸ ਜ਼ਿੰਦਗੀ ਨੂੰ ਕਿਸ ਲੇਖੇ ਲਾਉਣਾ ਹੈ। ਨਸ਼ਿਆਂ ਦੇ ਲੇਖੇ ਜਾਂ ਫਿਰ ਆਪਣੇ ਪਰਿਵਾਰ ਤੇ ਪ੍ਰਮਾਤਮਾ ਦੇ ਲੇਖੇ। ਅੱਜ ਨਸ਼ਾ ਹੀ ਮੌਤ ਦਾ ਸਭ ਤੋਂ ਵੱਡਾ ਕਾਰਣ ਬਣਿਆ ਹੋਇਆ ਹੈ। ਨੌਜਵਾਨ ਆਪਣੀਆਂ ਜਿੰਮੇਵਾਰੀਆਂ ਨੂੰ ਭੁੱਲ ਕੇ ਨਸ਼ਿਆਂ ਦੇ ਗੇੜ ਵਿੱਚ ਫਸੇ ਹੋਏ ਨੇ। ਜ਼ਿੰਦਗੀ ਬੜੀ ਖੂਬਸੂਰਤ ਚੀਜ ਹੈ, ਢੰਗ ਨਾਲ ਜੀਓਗੇ ਤਾਂ ਆਨੰਦ ਮਿਲੇਗਾ। ਵੀਰ ਆਪਣੀਆਂ ਭੈਣਾਂ ਨੂੰ ਸਹੀ ਰਾਹ ਤੇ ਆਉਣ ਦਾ ਤੋਹਫ਼ਾ ਦੇਣ ਤਾਂ ਜੋ ਉਹਨਾਂ ਦਾ ਗਰੂਰ ਬਣਿਆ ਰਹੇ।

**ਪ੍ਰੀਤ ਸਿੰਘ ਭੈਣੀ**

**9779324826**

**(ਇਸ ਕਹਾਣੀ ਤੇ ਵਿਚਾਰ ਕਰਨ ਲਈ ਜਾਂ ਫਿਰ ਹੋਰ ਕਹਾਣੀਆਂ ਪੜਨ ਲਈ ਮੈਨੂੰ ਕਾਲ ਜਾਂ ਵਟਸਐੱਪ ਕਰ ਸਕਦੇ ਹੋ)**

**To read more stories from Preet Singh Bhaini go to the link below**

**http://punjabilibrary.com/authors/preet-singh- bhaini/**